BRAMPTON Media Release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਕਮੇਟੀ ਆਫ ਕਾਉਂਸਿਲ ਨੇ ਪਟਾਕਿਆਂ ਦੇ ਬਾਇ-ਲਾਅ ਵਿੱਚ ਸੋਧ ਕਰਨ ਦਾ ਮਤਾ ਪਾਸ ਕੀਤਾ

ਬ੍ਰੈਂਪਟਨ, ਓਨਟੈਰੀਓ (24 ਨਵੰਬਰ, 2022) – ਕੱਲ੍ਹ ਆਪਣੀ ਮੀਟਿੰਗ ਵਿੱਚ, ਬ੍ਰੈਂਪਟਨ ਕਮੇਟੀ ਆਫ ਕਾਉਂਸਿਲ (Brampton Committee of Council) ਨੇ ਇੱਕ ਸਿਫਾਰਿਸ਼ ਨੂੰ ਪ੍ਰਵਾਨਗੀ ਦਿੱਤੀ, ਜਿਸਨੂੰ ਇਸਦੀ 28 ਨਵੰਬਰ ਦੀ ਖਾਸ ਮੀਟਿੰਗ ਵਿੱਚ ਸਿਟੀ ਕਾਉਂਸਿਲ (City Council) ਵੱਲੋਂ ਪ੍ਰਮਾਣਿਤ ਕੀਤਾ ਜਾਣਾ ਹੈ, ਜਿਸ ਵਿੱਚ ਪਟਾਕਿਆਂ ਦੇ ਬਾਇ-ਲਾਅ (Fireworks By-Law) ਨੂੰ ਸੋਧ ਕੀਤੇ ਜਾਣ ਦਾ ਪ੍ਰਸਤਾਵ ਹੈ ਕਿ ਬ੍ਰੈਂਪਟਨ ਵਿੱਚ ਪਟਾਕੇ ਵਰਤਣ, ਖਰੀਦਣ, ਚਲਾਉਣ, ਰੱਖਣ, ਵੇਚਣ ਅਤੇ ਵੇਚਣ ਦੀ ਪੇਸ਼ਕਸ਼ ਕਰਨ ਤੇ ਤੁਰੰਤ ਪਾਬੰਦੀ ਲਗਾਈ ਜਾਵੇ।

ਨਿਵਾਸੀਆਂ ਦੀ ਸੁਰੱਖਿਆ ਸਿਟੀ ਦੀ ਸਭ ਤੋਂ ਵੱਡੀ ਤਰਜੀਹ ਹੈ ਅਤੇ ਪਟਾਕਿਆਂ ਦੇ ਬਾਇ-ਲਾਅ ਦਾ ਉਦੇਸ਼, ਸੱਟ ਅਤੇ ਪ੍ਰਾਪਰਟੀ ਦੇ ਨੁਕਸਾਨ ਦੇ ਜੋਖਮ ਨੂੰ ਘਟਾਉਣਾ ਹੈ। ਸੋਧ ਕੀਤੇ ਬਾਇ-ਲਾਅ ਹੇਠ, ਪਟਾਕੇ ਚਲਾਉਣ ਲਈ ਜੁਰਮਾਨੇ ਨੂੰ ਵਧਾ ਕੇ ਘੱਟੋ-ਘੱਟ 500 ਡਾਲਰ ਕੀਤਾ ਜਾਵੇਗਾ ਅਤੇ ਪਟਾਕਿਆਂ ਨੂੰ ਵੇਚਣ ਜਾਂ ਵੇਚਣ ਦੀ ਪੇਸ਼ਕਸ਼ ਕਰਨ ਲਈ ਜੁਰਮਾਨੇ ਨੂੰ ਵਧਾ ਕੇ 1000 ਡਾਲਰ ਕੀਤਾ ਜਾਵੇਗਾ। ਪਟਾਕਿਆਂ ਸਬੰਧੀ ਮੌਜੂਦਾ ਪਰਮਿਟ ਪ੍ਰਕਿਰਿਆ ਵਿੱਚ ਸੋਧ ਕੀਤਾ ਜਾਵੇਗਾ, ਜੋ ਸਿਰਫ ਫਿਲਮ ਇੰਡਸਟਰੀ ਅਤੇ ਸਿਟੀ ਵੱਲੋਂ ਸੰਚਾਲਿਤ ਕਾਰਜਕਰਮਾਂ ਲਈ ਲਾਗੂ ਹੋਵੇਗੀ।

ਪਟਾਕਿਆਂ ਦੇ ਮੌਜੂਦਾ ਬਾਇ-ਲਾਅ ਹੇਠ, ਇਸ ਵੇਲੇ ਬ੍ਰੈਂਪਟਨ ਵਿੱਚ ਛੋਟੀ-ਰੇਂਜ ਦੇ ਪਟਾਕਿਆਂ ਨੂੰ ਵਿਕਟੋਰੀਆ ਡੇ (Victoria Day), ਕੈਨੇਡਾ ਡੇ (Canada Day), ਦੀਵਾਲੀ (Diwali) ਅਤੇ ਨਵੇਂ ਸਾਲ (New Year's Eve) ਨੂੰ ਬਿਨਾਂ ਪਰਮਿਟ ਦੇ ਨਿੱਜੀ ਪ੍ਰਾਪਰਟੀ ਤੇ ਚਲਾਉਣ ਦੀ ਇਜਾਜਤ ਹੈ। 2019 ਤੋਂ ਬਾਅਦ, ਸਿਟੀ ਨੂੰ ਕਮਿਉਨਿਟੀ ਵਿੱਚ ਸੁਰੱਖਿਆ, ਸ਼ੋਰ ਅਤੇ ਕੂੜੇ-ਕਰਕਟ ਦੀਆਂ ਆਮ ਚਿੰਤਾਵਾਂ ਦੇ ਨਾਲ, ਪਟਾਕਿਆਂ ਸਬੰਧੀ ਮਿਲਣ ਵਾਲੀਆਂ ਸ਼ਿਕਾਇਤਾਂ ਵਧ ਗਈਆਂ ਹਨ।

ਪ੍ਰਸਤਾਵਿਤ ਸਿਫਾਰਿਸ਼ ਅਤੇ ਸੋਧ ਕੀਤੇ ਪਟਾਕਿਆਂ ਦੇ ਬਾਇ-ਲਾਅ ਹੇਠ, ਸ਼ਹਿਰ ਵਿੱਚ ਪਟਾਕਿਆਂ ਦੀ ਇਜਾਜ਼ਤ ਨਹੀਂ ਹੋਵੇਗੀ।

**ਸਿਟੀ ਆਫ ਬ੍ਰੈਂਪਟਨ ਦਾ ਦੀਵਾਲੀ ਕਾਰਜਕਰਮ**

ਸਿਟੀ ਆਫ ਬ੍ਰੈਂਪਟਨ ਚਾਹੁੰਦੀ ਹੈ ਕਿ ਨਿਵਾਸੀ ਸੁਰੱਖਿਅਤ ਰੂਪ ਨਾਲ ਛੁੱਟੀਆਂ ਮਨਾਉਣ ਯੋਗ ਹੋਣ। ਜੇਕਰ ਇਹ ਸਿਫਾਰਿਸ਼ ਪ੍ਰਮਾਣਿਤ ਹੁੰਦੀ ਹੈ, ਤਾਂ ਸਿਟੀ 2023 ਵਿੱਚ ਕੈਨੇਡਾ ਡੇ ਅਤੇ ਨਵੇਂ ਸਾਲ ਵਾਂਗ ਹੀ, ਸਿਟੀ ਵੱਲੋਂ ਸੰਚਾਲਿਤ ਦੀਵਾਲੀ ਦੇ ਸਲਾਨਾ ਆਤਿਸ਼ਬਾਜੀ (Pyrotechnics) ਵਾਲੇ ਜਸ਼ਨ ਕਾਰਜਕਰਮ ਸ਼ਾਮਲ ਕਰੇਗੀ। ਸਿਟੀ, ਬ੍ਰੈਂਪਟਨ ਦੇ ਨਿਵਾਸੀਆਂ ਦੇ ਅਨੰਦ ਮਾਣਨ ਵਾਸਤੇ ਜੋਸ਼ੀਲੇ ਅਤੇ ਮਜ਼ੇਦਾਰ ਜਸ਼ਨ ਦੀ ਹਿਮਾਇਤ ਲਈ ਕਾਰਜਕਰਮ ਬਾਰੇ ਲੋਕਲ ਭਾਈਵਾਲਾਂ ਦੇ ਨਾਲ ਮਿਲ ਕੇ ਕੰਮ ਕਰੇਗੀ।

ਬ੍ਰੈਂਪਟਨ ਵਿੱਚ ਕਾਰਜਕਰਮਾਂ ਬਾਰੇ ਵਧੇਰੇ ਜਾਣਕਾਰੀ ਲਈ, www.brampton.ca/events ਤੇ ਜਾਓ।

**ਹਵਾਲੇ**

"ਸਾਡੇ ਨਿਵਾਸੀਆਂ ਦੀ ਸੁਰੱਖਿਆ, ਸਿਟੀ ਆਫ ਬ੍ਰੈਂਪਟਨ ਲਈ ਬੇਹੱਦ ਮਹੱਤਵਪੂਰਣ ਹੈ। ਅਸੀਂ ਪਟਾਕਿਆਂ ਨਾਲ ਸਬੰਧਿਤ ਸਾਡੀ ਕਮਿਉਨਿਟੀ ਦੀਆਂ ਚਿੰਤਾਵਾਂ ਨੂੰ ਸੁਣਿਆ ਹੈ ਅਤੇ ਇਹ ਸਾਡਾ ਟੀਚਾ ਹੈ ਕਿ ਇਸ ਵਿੱਚ ਸੋਧ ਕਰਕੇ, ਅਸੀਂ ਸਾਰੇ ਸਾਡੀਆਂ ਛੁੱਟੀਆਂ ਸੁਰੱਖਿਅਤ ਰੂਪ ਨਾਲ ਅਤੇ ਕਿਸੇ ਵਿਘਨ, ਵਾਧੂ ਸ਼ੋਰ ਜਾਂ

ਕੂੜਾ-ਕਰਕਟ ਦੇ ਬਿਨਾਂ ਮਨਾਵਾਂਗੇ। ਮੈਂ ਇਸ ਵਿਸ਼ੇ ਤੇ ਅਵਾਜ ਉਠਾਉਣ ਲਈ ਹਰ ਕਿਸੇ ਦਾ ਧੰਨਵਾਦ ਕਰਦਾ ਹਾਂ ਅਤੇ ਅਗਲੇ ਸਾਲ ਸਾਡੇ ਪਹਿਲੇ ਸਲਾਨਾ ਦੀਵਾਲੀ ਜਸ਼ਨ ਵਿੱਚ ਨਿਵਾਸੀਆਂ ਦਾ ਸੁਆਗਤ ਕਰਨ ਲਈ ਉਤਸ਼ਾਹਿਤ ਹਾਂ!"

- *ਪੈਟਰਿਕ ਬ੍ਰਾਊਨ* (Patrick Brown), *ਮੇਅਰ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਇੱਕ ਸਿਹਤਮੰਦ ਅਤੇ ਸੁਰੱਖਿਅਤ ਸ਼ਹਿਰ ਹੈ ਅਤੇ ਅਸੀਂ, ਸਾਰਿਆਂ ਲਈ ਸ਼ਮੂਲੀਅਤ ਵਾਲਾ ਅਤੇ ਸੁਆਗਤੀ ਮਹੌਲ ਪੈਦਾ ਕਰਨ ਲਈ ਅਤੇ ਸਾਡੀ ਕਮਿਊਨਿਟੀ ਵਿੱਚ ਸੱਟ ਦੇ ਜੋਖਮ ਨੂੰ ਘਟਾਉਣ ਅਤੇ ਇਸਨੂੰ ਸਾਫ-ਸੁਥਰਾ ਅਤੇ ਹਰਾ-ਭਰਾ ਰੱਖਣ ਲਈ ਸਮਰਪਿਤ ਹਾਂ। ਪਟਾਕਿਆਂ ਦਾ ਸੋਧ ਕੀਤਾ ਬਾਇ-ਲਾਅ ਯਕੀਨੀ ਬਣਾਵੇਗਾ ਕਿ ਸਾਡੇ ਨਿਵਾਸੀ ਸੁਰੱਖਿਅਤ ਹਨ ਅਤੇ ਅਸੀਂ ਸਾਰੇ ਸਾਡੀਆਂ ਛੁੱਟੀਆਂ ਦੇ ਜਸ਼ਨ ਦਾ ਅਨੰਦ ਮਾਣ ਸਕਦੇ ਹਾਂ। ਅਸੀਂ ਉਹਨਾਂ ਨਿਵਾਸੀਆਂ ਅਤੇ ਸਟੇਕਹੋਲਡਰਾਂ ਦਾ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਸਾਡੇ ਨਾਲ ਇਸ ਮਹੱਤਵਪੂਰਣ ਵਿਸ਼ੇ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।"

- *ਰੋਏਨਾ ਸੈਨਟੋਸ* (Rowena Santos), *ਰੀਜਨਲ ਕਾਉਂਸਲਰ, ਵਾਰਡਸ* 1 *ਅਤੇ* 5; *ਚੇਅਰ, ਲੈਜਿਸਲੇਟਿਵ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਹਾਲਾਂਕਿ ਇਹ ਮਹੱਤਵਪੂਰਣ ਹੈ ਕਿ ਸਾਡੇ ਨਿਵਾਸੀ ਪੂਰਾ ਸਾਲ ਆਪਣੇ ਦੋਸਤਾਂ ਅਤੇ ਪਿਆਰਿਆਂ ਦੇ ਨਾਲ ਛੁੱਟੀਆਂ ਦਾ ਜਸ਼ਨ ਮਨਾਉਣ, ਸਾਡੇ ਲਈ ਲਾਜ਼ਮੀ ਹੈ ਕਿ ਅਸੀਂ ਇਹ ਸਨਮਾਨ ਨਾਲ ਅਤੇ ਸੁਰੱਖਿਆ ਤੇ ਵਧੇਰੇ ਧਿਆਨ ਦਿੰਦੇ ਹੋਏ ਕਰੀਏ। ਮੈਨੂੰ ਇਸ ਪ੍ਰਸਤਾਵ ਨੂੰ ਪੇਸ਼ ਕਰਨ ਤੇ ਮਾਣ ਹੈ ਕਿ ਸਾਡੇ ਪਟਾਕਿਆਂ ਦੇ ਬਾਇ-ਲਾਅ ਵਿੱਚ ਸੋਧ ਕੀਤਾ ਜਾਵੇ, ਤਾਂ ਜੋ ਇਹ ਸਾਡੀ ਕਮਿਊਨਿਟੀ ਦੇ ਵਿਚਾਰਾਂ ਅਤੇ ਚਿੰਤਾਵਾਂ ਤੇ ਧਿਆਨ ਦੇਣ ਵਾਲਾ ਹੋਵੇ ਅਤੇ ਉਹਨਾਂ ਲੋਕਾਂ ਦਾ ਧੰਨਵਾਦ, ਜਿਹਨਾਂ ਨੇ ਸਿਟੀ ਨੂੰ ਸੰਪਰਕ ਕਰਕੇ ਆਪਣੇ ਵਿਚਾਰ ਪੇਸ਼ ਕੀਤੇ। ਅਸੀਂ ਪੂਰਾ ਸਾਲ ਇੱਕ ਕਮਿਊਨਿਟੀ ਵਜੋਂ ਇਕੱਠੇ ਸਾਡੀ ਸਿਟੀ ਵੱਲੋਂ ਸੰਚਾਲਿਤ ਪਟਾਕਿਆਂ ਦੇ ਸ਼ੋਅ ਦਾ ਅਨੰਦ ਮਾਣਨ ਲਈ ਉਤਸ਼ਾਹਿਤ ਹਾਂ।"

- *ਡੇਨਿਸ ਕੀਨਨ* (Dennis Keenan), *ਰੀਜਨਲ ਕਾਉਂਸਲਰ, ਵਾਰਡਸ* 3 *ਅਤੇ* 4, *ਸਿਟੀ ਆਫ ਬ੍ਰੈਂਪਟਨ*

"ਵੰਨ-ਸੁਵੰਨੇ ਅਤੇ ਸ਼ਮੂਲੀਅਤ ਵਾਲੇ ਸ਼ਹਿਰ ਵਜੋਂ, ਇਹ ਮਹੱਤਵਪੂਰਣ ਹੈ ਕਿ ਸਾਡੇ ਨਿਵਾਸੀ ਸੁਰੱਖਿਅਤ ਅਤੇ ਜਸ਼ਨ ਦੇ ਮਹੌਲ ਵਿੱਚ ਛੁੱਟੀਆਂ ਦਾ ਅਨੰਦ ਮਾਣਨ, ਜੋ ਉਹਨਾਂ ਲਈ ਸਭ ਤੋਂ ਵੱਧ ਮਾਇਨੇ ਰੱਖਦੀਆਂ ਹਨ। ਮੈਂ ਪਟਾਕਿਆਂ ਦੇ ਬਾਇ-ਲਾਅ ਵਿੱਚ ਸੋਧ ਦੇ ਮਤੇ ਦੀ ਹਿਮਾਇਤ ਕੀਤੀ ਹੈ ਅਤੇ ਅਗਲੇ ਸਾਲ ਸਿਟੀ ਵੱਲੋਂ ਸੰਚਾਲਿਤ ਦੀਵਾਲੀ ਦੇ ਜਸ਼ਨ ਵਿੱਚ ਨਿਵਾਸੀਆਂ ਦਾ ਸੁਆਗਤ ਕਰਨ ਅਤੇ ਸਾਡੀ ਸਿਟੀ ਦੀ ਮੇਜਬਾਨੀ ਵਾਲੇ ਕਾਰਜਕਰਮਾਂ ਵਿੱਚ ਕੈਨੇਡਾ ਡੇ ਅਤੇ ਨਵੇਂ ਸਾਲ ਦਾ ਅਨੰਦ ਮਾਣਨ ਲਈ ਉਤਸ਼ਾਹਿਤ ਹਾਂ।"

- *ਗੁਰਪ੍ਰਤਾਪ ਸਿੰਘ ਤੂਰ* (Gurpartap Singh Toor), *ਰੀਜਨਲ ਕਾਉਂਸਲਰ, ਵਾਰਡਸ* 9 *ਅਤੇ* 10, *ਸਿਟੀ ਆਫ ਬ੍ਰੈਂਪਟਨ*

"ਸਿਟੀ ਦੀ ਸਭ ਤੋਂ ਵੱਡੀ ਤਰਜੀਹ, ਇਸਦੇ ਨਿਵਾਸੀਆਂ ਦੀ ਸੁਰੱਖਿਆ ਅਤੇ ਸਿਹਤ ਨੂੰ ਯਕੀਨੀ ਬਣਾਉਣਾ ਹੈ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਇਸਦੀਆਂ ਸੇਵਾਵਾਂ, ਪ੍ਰੋਗਰਾਮ ਅਤੇ ਕਾਰਜਕਰਮ, ਉਸ ਕਮਿਊਨਿਟੀ ਦੀਆਂ ਲੋੜਾਂ ਤੇ ਧਿਆਨ ਦੇਣ ਵਾਲੇ ਹੋਣ, ਜਿਸਨੂੰ ਇਹ ਸੇਵਾ ਦਿੰਦੀ ਹੈ। ਕਮੇਟੀ ਆਫ ਕਾਉਂਸਿਲ ਵਿੱਚ ਅੱਜ ਦੀ ਸਿਫਾਰਿਸ਼ ਦੇ ਬਾਅਦ, ਸਟਾਫ ਪਟਾਕਿਆਂ ਦੇ ਬਾਇ-ਲਾਅ ਵਿੱਚ ਸੋਧ ਕਰਨ ਲਈ ਕੰਮ ਕਰੇਗਾ, ਜਿਸਨੂੰ ਸੋਮਵਾਰ, 28 ਨਵੰਬਰ ਨੂੰ ਖਾਸ ਕਾਉਂਸਿਲ ਮੀਟਿੰਗ ਵਿੱਚ ਪ੍ਰਮਾਣਿਤ ਕਰਨ ਲਈ ਵਾਪਸ ਲਿਆਂਦਾ ਜਾਵੇਗਾ। ਅਸੀਂ ਕਮਿਊਨਿਟੀ ਵੱਲੋਂ ਫੀਡਬੈਕ ਸਾਂਝਾ ਕਰਨ ਲਈ ਉਹਨਾਂ ਦਾ ਧੰਨਵਾਦ ਕਰਦੇ ਹਾਂ ਅਤੇ 2023 ਵਿੱਚ ਸਿਟੀ ਵੱਲੋਂ ਸੰਚਾਲਿਤ ਸਾਡੇ ਪਹਿਲੇ ਦੀਵਾਲੀ ਦੇ ਜਸ਼ਨ ਦੀ ਮੇਜਬਾਨੀ ਕਰਨ ਲਈ ਉਤਸ਼ਾਹਿਤ ਹਾਂ।"

- *ਮਾਰਲੋਨ ਕੈਲੀਡੀਨ* (Marlon Kallideen), *ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ
Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca